# *ਕਾਰਬਾਪੇਨੇਮ-ਰੋਧਕ ਸੂਡੋਮੋਨਸ ਐਰੂਗਿਨੋਸਾ* (CRPA)

## ਦਵਾਈ-ਰੋਧਕ ਰੋਗਾਣੂ ਜੋ ਹਸਪਤਾਲਾਂ ਵਿੱਚ ਫੈਲਦਾ ਹੈ



### *ਸੂਡੋਮੋਨਸ ਐਰੂਗਿਨੋਸਾ* ਕੀ ਹੈ?

*ਸੂਡੋਮੋਨਸ ਐਰੂਗਿਨੋਸਾ* ਨਾਮਕ ਬੈਕਟੀਰੀਆ ਇੱਕ ਅਜਿਹਾ ਰੋਗਾਣੂ ਹੈ, ਜੋ ਹਸਪਤਾਲਾਂ ਅਤੇ ਨਰਸਿੰਗ ਹੋਮ ਵਿੱਚ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਮਰੀਜ਼ਾਂ ਵਿੱਚ ਜਾਨਲੇਵਾ ਸੰਕਰਮਣ ਪੈਦਾ ਕਰ ਸਕਦਾ ਹੈ। ਜਦੋਂ ਇਹ ਰੋਗਾਣੂ ਕਾਰਬਾਪੇਨੇਮ ਵਰਗੀਆਂ ਸ਼ਕਤੀਸ਼ਾਲੀ ਐਂਟੀਬਾਇਓਟਿਕਸ ਪ੍ਰਤੀ ਰੋਧਕ ਬਣ ਜਾਂਦੇ ਹਨ, ਤਾਂ ਇਹਨਾਂ ਦਾ ਇਲਾਜ ਕਰਨਾ ਹੋਰ ਵੀ ਮੁਸ਼ਕਲ ਅਤੇ ਹੋਰ ਵੀ ਖ਼ਤਰਨਾਕ ਹੋ ਜਾਂਦਾ ਹੈ। *ਕਾਰਬਾਪੇਨੇਮ-ਰੋਧਕ ਸੂਡੋਮੋਨਸ ਐਰੂਗਿਨੋਸਾ* ਨੂੰ ਸੰਖੇਪ ਵਿੱਚ CRPA ਕਿਹਾ ਜਾਂਦਾ ਹੈ।

### ਕੋਲੋਨਾਈਜ਼ੇਸ਼ਨ ਯਾਨੀ ਕਿ ਬਸਤੀਕਰਨ ਕੀ ਹੁੰਦਾ ਹੈ?

CRPA ਮਰੀਜ਼ ਦੇ ਸਰੀਰ ਨੂੰ ਆਪਣਾ ਘਰ ਬਣਾ ਸਕਦਾ ਹੈ। ਬਸਤੀਕਰਨ ਦਾ ਮਤਲਬ ਹੈ ਕਿ CRPA ਲੋਕਾਂ ਦੇ ਸਰੀਰ ਦੇ ਵਿੱਚ ਜਾਂ ਉੱਤੇ ਰਹਿਣ ਲੱਗਦਾ ਹੈ ਪਰ ਉਹਨਾਂ ਵਿੱਚ ਬਿਮਾਰੀ ਦੇ ਕੋਈ ਲੱਛਣ ਨਹੀਂ ਦਿਖਦੇ। CRPA ਕਈ ਮਹੀਨਿਆਂ ਤੋਂ ਲੈਕੇ ਕਈ ਸਾਲਾਂ ਤੱਕ ਲੋਕਾਂ ਦੇ ਸਰੀਰ ਵਿੱਚ ਰਹਿ ਸਕਦਾ ਹੈ। ਜਿਹੜੇ ਲੋਕ ਸੰਕਰਮਿਤ ਹਨ ਉਹ ਅਜੇ ਵੀ ਇਹਨਾਂ ਰੋਗਾਣੂਆਂ ਨੂੰ ਦੂਜਿਆਂ ਤੱਕ ਫੈਲਾ ਸਕਦੇ ਹਨ।

### CRPA ਨੂੰ ਇੱਕ ਸਮੱਸਿਆ ਕਿਉਂ ਮੰਨਿਆ ਜਾਂਦਾ ਹੈ?

ਹਸਪਤਾਲ ਵਰਗੀਆਂ ਥਾਵਾਂ ਵਿੱਚ CRPA ਹਸਪਤਾਲ ਦੇ ਕਰਮਚਾਰੀਆਂ ਦੇ ਹੱਥਾਂ, ਇਲਾਜ ਲਈ ਵਰਤੇ ਜਾਣ ਵਾਲੇ ਉਪਕਰਣਾਂ ਅਤੇ ਸਤਾਹਾਂ ਰਾਹੀਂ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਤੇਜ਼ੀ ਨਾਲ ਫੈਲ ਸਕਦਾ ਹੈ, ਜੇਕਰ ਉਹਨਾਂ ਨੂੰ ਸਹੀ ਢੰਗ ਨਾਲ ਸਾਫ਼ ਨਹੀਂ ਕੀਤਾ ਜਾਂਦਾ ਹੈ। CRPA ਦੇ ਸੰਕਰਮਣ ਦਾ ਇਲਾਜ ਕਰਨਾ ਔਖਾ ਹੋ ਸਕਦਾ ਹੈ ਅਤੇ ਇਹ ਮੌਤ ਦਾ ਕਾਰਨ ਵੀ ਬਣ ਸਕਦਾ ਹੈ।

### CRPA ਦਾ ਸ਼ਿਕਾਰ ਬਣਨ ਦੀ ਜ਼ਿਆਦਾ ਸੰਭਾਵਨਾ ਕਿੰਨ੍ਹਾਂ ਦੀ ਹੁੰਦੀ ਹੈ?

*CRPA* ਖਾਸ ਤੌਰ 'ਤੇ ਉਹਨਾਂ ਮਰੀਜ਼ਾਂ ਨੂੰ ਆਪਣਾ ਸ਼ਿਕਾਰ ਬਣਾਉਂਦਾ ਹੈ ਜੋ ਲੰਬੇ ਸਮੇਂ ਤੋਂ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਹੁੰਦੇ ਹਨ। ਜਿਹੜੇ ਲੋਕ ਹਸਪਤਾਲ ਵਰਗੀਆਂ ਥਾਵਾਂ ਵਿੱਚ ਬਹੁਤ ਜ਼ਿਆਦਾ ਸਮਾਂ ਬਿਤਾਉਂਦੇ ਹਨ, ਉਹਨਾਂ ਦੇ ਸਰੀਰ ਵਿੱਚ CRPA ਦੇ ਇਕੱਤਰ ਹੋਣ ਜਾਂ ਉਸ ਕਾਰਨ ਸੰਕਰਮਣ ਹੋਣ ਦਾ ਸਭ ਤੋਂ ਵੱਧ ਖ਼ਤਰਾ ਹੁੰਦਾ ਹੈ। CRPA ਦੇ ਸੰਕਰਮਣ ਦਾ ਜੋਖਮ ਵਧਾਉਣ ਵਾਲੇ ਹੋਰ ਕਾਰਨਾਂ ਵਿੱਚ ਸ਼ਾਮਲ ਹਨ:

- ਲੰਬੇ ਸਮੇਂ ਤੱਕ ਮਕੈਨੀਕਲ ਵੈਂਟੀਲੇਟਰ (ਸਾਹ ਲੈਣ ਵਾਲੀ ਮਸ਼ੀਨ) 'ਤੇ ਰਹਿਣਾ।
- ਸਰੀਰ ਵਿੱਚ ਜਾਣ ਵਾਲੀਆਂ ਟਿਊਬਾਂ, ਜਿਵੇਂ ਕਿ ਪਿਸ਼ਾਬ ਦੇ ਨਿਕਾਸ ਲਈ ਨਾਲੀ, ਕੇਂਦਰੀ ਨਾੜੀ ਲਈ ਨਾਲੀ ਅਤੇ ਭੋਜਨ ਜਾਂ ਸਾਹ ਦੇਣ ਵਾਲੀਆਂ ਟਿਊਬਾਂ।

### CRPA ਮਰੀਜ਼ਾਂ ਵਿੱਚ ਕਿਵੇਂ ਫੈਲਦਾ ਹੈ?

CRPA ਨਾਲ ਸੰਕਰਮਿਤ ਮਰੀਜ਼ ਜਾਂ ਜਿਹਨਾਂ ਮਰੀਜ਼ਾਂ ਦੇ ਸਰੀਰ ਵਿੱਚ ਇਹ ਮੌਜੂਦ ਹੁੰਦਾ ਹੈ, ਉਹਨਾਂ ਦੀ ਚਮੜੀ ਉੱਤੇ ਅਤੇ ਸਰੀਰ ਦੇ ਤਰਲ ਪਦਾਰਥਾਂ ਵਿੱਚ ਰੋਗਾਣੂ ਹੋ ਸਕਦੇ ਹਨ ਜੋ ਉਹਨਾਂ ਦੇ ਨਿਸਾਵ ਸਥਾਨ, ਕੱਪੜਿਆਂ ਅਤੇ ਮੈਡੀਕਲ ਉਪਕਰਣਾਂ ਨੂੰ ਦੂਸ਼ਿਤ ਕਰ ਸਕਦੇ ਹਨ। CRPA ਹਸਪਤਾਲ ਦੇ ਕਰਮਚਾਰੀਆਂ ਦੇ ਹੱਥਾਂ, ਕੱਪੜਿਆਂ ਅਤੇ ਹਸਪਤਾਲ ਵਿੱਚ ਮੌਜੂਦ ਹੋਰ ਵਸਤੂਆਂ – ਜਿਵੇਂ ਕਿ ਦਰਵਾਜ਼ੇ ਦੇ ਹੈਂਡਲ, ਬੈੱਡ ਰੇਲ, ਸਟੈਥੋਸਕੋਪ, ਬਲੱਡ ਪ੍ਰੈਸ਼ਰ ਕਫ਼ ਅਤੇ ਥਰਮਾਮੀਟਰਾਂ ਆਦਿ ਨੂੰ ਦੂਸ਼ਿਤ ਕਰ ਸਕਦਾ ਹੈ — ਅਤੇ ਤੇਜ਼ੀ ਨਾਲ ਦੂਜੇ ਮਰੀਜ਼ਾਂ ਵਿੱਚ ਫੈਲ ਸਕਦਾ ਹੈ।

### ਅਸੀਂ CRPA ਨੂੰ ਫੈਲਣ ਤੋਂ ਕਿਵੇਂ ਰੋਕ ਸਕਦੇ ਹਾਂ?

ਹਸਪਤਾਲ ਵਰਗੀਆਂ ਥਾਵਾਂ ਵਿੱਚ CRPA ਨੂੰ ਫੈਲਣ ਤੋਂ ਰੋਕਣ ਲਈ, ਹਸਪਤਾਲ ਦੇ ਕਰਮਚਾਰੀਆਂ ਨੂੰ ਹੇਠਾਂ ਦੱਸੇ ਕੰਮ ਕਰਨੇ ਚਾਹੀਦੇ ਹਨ:

- ਜਾਣੋ ਕਿ ਰੋਗਾਣੂ ਕਿਵੇਂ ਫੈਲਦੇ ਹਨ ਅਤੇ ਇਹ ਯਕੀਨੀ ਬਣਾਓ ਕਿ ਉਹ ਉਹਨਾਂ ਰੋਗਾਣੂਆਂ ਨੂੰ ਆਪਣੇ ਕੱਪੜਿਆਂ, ਹੱਥਾਂ ਜਾਂ ਉਪਕਰਣਾਂ ਰਾਹੀਂ ਦੂਜੇ ਮਰੀਜ਼ਾਂ ਤੱਕ ਨਾ ਪਹੁੰਚਾਉਣ।
- ਮਰੀਜ਼ਾਂ ਦੀ ਦੇਖਭਾਲ ਕਰਨ ਜਾਂ ਮਰੀਜ਼ਾਂ ਦੇ ਕਮਰਿਆਂ ਵਿੱਚ ਵਸਤੂਆਂ ਨੂੰ ਛੂਹਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੱਥ ਧੋਵੋ ਜਾਂ ਸੈਨੀਟਾਈਜ਼ ਕਰੋ।
- ਜਿਹੜੇ ਮਰੀਜ਼ ਸੰਕਰਮਣ ਫੈਲਾ ਸਕਦੇ ਹਨ, ਉਹਨਾਂ ਦੀ ਦੇਖਭਾਲ ਕਰਦੇ ਸਮੇਂ ਢੁਕਵੇਂ ਨਿੱਜੀ ਸੁਰੱਖਿਆ ਉਪਕਰਣਾਂ ਦੀ ਵਰਤੋਂ ਕਰੋ – ਇਹਨਾਂ ਉਪਕਰਣਾਂ ਵਿੱਚ ਅਕਸਰ ਗਾਊਨ ਅਤੇ ਦਸਤਾਨੇ ਸ਼ਾਮਲ ਹੁੰਦੇ ਹਨ।

- ਜਿਹਨਾਂ ਖੇਤਰਾਂ ਅਤੇ ਆਈਟਮਾਂ ਉੱਤੇ CRPA ਦੇ ਰੋਗਾਣੂ ਮੌਜੂਦ ਹੋ ਸਕਦੇ ਹਨ ਉਹਨਾਂ ਨੂੰ ਰੋਗਾਣੂ-ਮੁਕਤ ਕਰਨ ਲਈ ਹਸਪਤਾਲ ਵਿੱਚ ਵਰਤਣ ਲਈ ਬਣੇ ਰੋਗਾਣੂ-ਨਾਸ਼ਕਾਂ ਦੀ ਵਰਤੋਂ ਕਰੋ ਅਤੇ ਇਹ ਯਕੀਨੀ ਬਣਾਓ ਕਿ ਇਨਵਾਇਰਮੈਂਟਲ ਸਰਵਿਸ ਸਟਾਫ਼ ਨੂੰ ਇਹ ਪਤਾ ਹੈ ਕਿ ਉਤਪਾਦ ਦੀ ਸਹੀ ਢੰਗ ਨਾਲ ਵਰਤੋਂ ਕਿਵੇਂ ਕਰਨੀ ਹੈ।
- ਸਾਂਝੇ ਤੌਰ 'ਤੇ ਵਰਤੇ ਜਾਣ ਵਾਲੇ ਉਪਕਰਣਾਂ ਨੂੰ ਮਰੀਜ਼ ਉੱਤੇ ਵਰਤਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਸਾਫ਼ ਅਤੇ ਰੋਗਾਣੂ-ਮੁਕਤ ਕਰੋ।

ਘਰ ਵਿੱਚ CRPA ਨੂੰ ਫੈਲਣ ਤੋਂ ਰੋਕਣ ਲਈ:

- ਆਪਣੇ ਹੱਥ ਹਮੇਸ਼ਾ ਸਾਬਣ ਅਤੇ ਪਾਣੀ ਦੇ ਨਾਲ ਧੋਵੋ:
  - ਖਾਣਾ ਪਕਾਉਣ ਜਾਂ ਖਾਣ ਤੋਂ ਪਹਿਲਾਂ।
  - ਬਾਥਰੂਮ ਦੀ ਵਰਤੋਂ ਕਰਨ ਤੋਂ ਬਾਅਦ।
  - ਕਿਸੇ ਵੀ ਜ਼ਖ਼ਮ ਨੂੰ ਜਾਂ ਤੁਹਾਡੇ ਕੋਲ ਮੌਜੂਦ ਇਲਾਜ ਲਈ ਵਰਤੇ ਜਾਣ ਵਾਲੇ ਮੈਡੀਕਲ ਉਪਕਰਣਾਂ ਨੂੰ ਛੂਹਣ ਤੋਂ ਪਹਿਲਾਂ ਅਤੇ ਬਾਅਦ ਵਿੱਚ।
- ਆਪਣੇ ਤੌਲੀਏ ਅਤੇ ਹੱਥ-ਮੂੰਹ ਪੂੰਝਣ ਵਾਲੇ ਕੱਪੜੇ ਵਰਗੀਆਂ ਨਿੱਜੀ ਦੇਖਭਾਲ ਵਾਲੀਆਂ ਵਸਤੂਆਂ ਕਿਸੇ ਹੋਰ ਨੂੰ ਵਰਤਣ ਨਾ ਦਿਓ।
- ਜਦੋਂ ਵੀ ਸੰਭਵ ਹੋਵੇ, ਹਰ ਜ਼ਖ਼ਮ ਨੂੰ ਪੱਟੀ ਨਾਲ ਢੱਕ ਕੇ ਰੱਖੋ।
- ਤੁਹਾਡੇ ਘਰ ਵਿੱਚ ਕਿਸੇ ਖਾਸ ਸਾਫ਼-ਸਫ਼ਾਈ ਦੀ ਲੋੜ ਨਹੀਂ ਹੈ:
  - ਤੁਸੀਂ ਆਪਣੇ ਕੱਪੜੇ ਘਰ ਦੇ ਬਾਕੀ ਕੱਪੜਿਆਂ ਦੇ ਨਾਲ ਆਮ ਵਾਂਗ ਧੋ ਸਕਦੇ ਹੋ।
  - ਖਾਣ ਲਈ ਵਰਤੇ ਜਾਣ ਵਾਲੇ ਸਾਰੇ ਭਾਂਡੇ ਅਤੇ ਬਰਤਨ ਆਮ ਵਾਂਗ ਮਾਂਜੇ ਜਾ ਸਕਦੇ ਹਨ।
- ਤੁਹਾਨੂੰ ਆਪਣੇ ਪਾਲਤੂ ਜਾਨਵਰਾਂ ਦੇ ਨੇੜੇ ਖਾਸ ਸਾਵਧਾਨੀਆਂ ਵਰਤਣ ਦੀ ਲੋੜ ਨਹੀਂ ਹੈ।

## CRPA ਲਈ ਕਿੰਨ੍ਹਾਂ ਦਾ ਟੈਸਟ ਕੀਤਾ ਜਾਣਾ ਚਾਹੀਦਾ ਹੈ?

ਪਬਲਿਕ ਹੈਲਥ ਵੱਲੋਂ ਇਹ ਸਲਾਹ ਦਿੱਤੀ ਜਾਂਦੀ ਹੈ ਕਿ CRPA ਨਾਲ ਸੰਕਰਮਿਤ ਮਰੀਜ਼ ਜਾਂ ਜਿਹਨਾਂ ਮਰੀਜ਼ਾਂ ਦੇ ਸਰੀਰ ਵਿੱਚ ਇਹ ਮੌਜੂਦ ਹੁੰਦਾ ਹੈ, ਉਹਨਾਂ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਦਾ CRPA ਲਈ ਟੈਸਟ ਕੀਤਾ ਜਾਵੇ। ਇਹ ਟੈਸਟ ਇਹ ਦੇਖਣ ਲਈ ਹੈ ਕਿ ਕੀ ਉਹਨਾਂ ਦੇ ਸਰੀਰ ਵਿੱਚ CRPA ਦੇ ਰੋਗਾਣੂ ਮੌਜੂਦ ਹੈ।

## ਕੀ ਹਸਪਤਾਲ ਦੇ ਕਰਮਚਾਰੀਆਂ ਅਤੇ ਉਹਨਾਂ ਦੇ ਪਰਿਵਾਰ ਦੇ ਮੈਂਬਰਾਂ ਦਾ ਵੀ ਇਹ ਦੇਖਣ ਲਈ ਟੈਸਟ ਕੀਤਾ ਜਾਣਾ ਚਾਹੀਦਾ ਹੈ ਕਿ ਉਹਨਾਂ ਨੂੰ CRPA ਹੈ ਜਾਂ ਨਹੀਂ?

ਪਬਲਿਕ ਹੈਲਥ, CRPA ਨਾਲ ਸੰਕਰਮਿਤ ਜਾਂ ਜਿਹਨਾਂ ਮਰੀਜ਼ਾਂ ਦੇ ਸਰੀਰ ਵਿੱਚ ਇਹ ਮੌਜੂਦ ਹੁੰਦਾ ਹੈ, ਉਹਨਾਂ ਦੀ ਦੇਖਭਾਲ ਕਰਨ ਵਾਲੇ ਸਿਹਤਮੰਦ ਪਰਿਵਾਰਕ ਮੈਂਬਰਾਂ ਜਾਂ ਹਸਪਤਾਲ ਦੇ ਕਰਮਚਾਰੀਆਂ ਦਾ ਟੈਸਟ ਕਰਨ ਦੀ ਸਲਾਹ ਨਹੀਂ ਦਿੰਦਾ ਹੈ। ਆਮ ਤੌਰ 'ਤੇ, ਸਿਹਤਮੰਦ ਲੋਕਾਂ ਨੂੰ CRPA ਤੋਂ ਕੋਈ ਖ਼ਤਰਾ ਨਹੀਂ ਹੁੰਦਾ ਹੈ ਅਤੇ ਉਹਨਾਂ ਨੂੰ ਟੈਸਟ ਕਰਵਾਉਣ ਦੀ ਲੋੜ ਨਹੀਂ ਪੈਂਦੀ ਹੈ। ਪਰ, ਜੇਕਰ CRPA ਨਾਲ ਸੰਕਰਮਿਤ ਮਰੀਜ਼ ਬਿਮਾਰ ਹੋ ਜਾਂਦਾ ਹੈ ਅਤੇ ਉਸਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਜਾਂਦਾ ਹੈ, ਤਾਂ ਹਸਪਤਾਲ ਉਸ ਮਰੀਜ਼ ਦੇ ਘਰ ਦੇ ਮੈਂਬਰਾਂ ਦਾ ਟੈਸਟ ਕਰਨ ਦਾ ਫੈਸਲਾ ਕਰ ਸਕਦਾ ਹੈ।

Washington State Department of HEALTH

**DOH 420-502 December 2024 Punjabi**

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ doh.information@doh.wa.gov 'ਤੇ ਈਮੇਲ ਕਰੋ।